Exam. Code: 0005
Sub. Code: 0402

2021

B.A./B.Sc.(General)-5th Semester
Punjabi (Compulsory)
*(For B.A. only & Shastri, 3rd Semester)*

Time allowed: 3 Hours Max. Marks: 45

**ਨੋਟ:- ਲਿਖਾਈ ਸਾਫ਼ ਸੁਥਰੀ ਲਿਖੀ ਜਾਵੇ। ਹਰੇਕ ਪ੍ਰਸ਼ਨ ਦੇ ਭਾਗਾਂ ਦਾ ਜਵਾਬ ਇਕੱਠਾ ਜਾਂ ਇਕ ਥਾਂ ਤੇ ਦਿੱਤਾ ਜਾਵੇ।**

-*-*-*-

1. (ੳ) ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

ਪੂਜਾ ਅਰਜਾ ਬੰਧਨ ਡੰਡਉਤ ਖਟੁ ਕਰਮਾ ਰਹਤਾ।
ਹਉ ਹਉ ਕਰਤ ਬੰਧਨ ਮਹਿ ਪਰਿਆ ਨਹਮਿਲੀਐ ਇਹਜੁਗਤਾ।
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ।
ਵੱਡੀ ਆਰਜਾ ਫਿਰ ਫਿਰ ਜਨਮੈ ਹਰਿ ਸਿਉ ਸੰਗ ਨ ਗਹਿਆ।
ਰਾਜ ਲੀਲਾ ਰਜਨੀ ਕੀ ਰਚਨਾ ਕਰਿਆ ਹੁਕਮੁ ਅਫਾਰਾ।
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ।

**ਜਾਂ**

ਵੇਖ ਇਜਣੀ ਛੋਹਿਰ ਲੋਕਾਂ, ਆਈ ਸੂਲ ਕਰੇਦੀ।
ਘਿੰਨ ਘੜਾ ਸਿਰ ਉੱਤੋਂ ਮਾਏ, ਨਹੀਂ ਤਾਂ ਭੂਏਂ ਮਰੇਦੀ।
ਵਿਚ ਮਸੀਤੀ ਚੰਨ ਫਬੋਈ, ਮੈਂ ਵਰ ਨੀਹੇ ਦੇਂਦੀ?
ਹੱਸ ਹੱਸ ਸਿਰ ਰੱਖ ਅਸਾਡੇ, ਨਹੀਂ ਤਾਂ ਆਪੇ ਨਿਕਲ ਵੈਂਦੀ।

(ਅ) ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਅਤੇ ਕੇਂਦਰੀ ਭਾਵ ਲਿਖੋ:-

ਚੋਰੁ ਗਇਆ ਘਰ ਸਾਹ ਦੈ

**ਜਾਂ**

ਹੀਰ ਆਖਦੀ ਜੋਗੀਆਂ ਝੂਠ ਆਖੇਂ (5+5)

2. ਹੇਠ ਲਿਖੇ ਅੱਠ ਪ੍ਰਸ਼ਨਾਂ ਵਿਚੋਂ ਕਿਸੇ ਪੰਜ ਦੇ ਸੰਖੇਪ ਉੱਤਰ ਲਿਖੋ:-

(ੳ) 'ਬੋਲੇ ਸੇਖ਼ ਫ਼ਰੀਦ' ਸ਼ਬਦ ਵਿਚ ਫ਼ਰੀਦ ਜੀ ਮਨੁੱਖ ਨੂੰ ਕੀ ਸਿੱਖਿਆ ਦਿੰਦੇ ਹਨ?

(ਅ) 'ਹਰਣੀ ਹੋਵਾ ਬਨਿ ਵਸਾ' ਸ਼ਬਦ ਵਿੱਚ ਆਤਮਾ ਕਿਸ ਤਰ੍ਹਾਂ ਦਾ ਵਪਾਰ ਕਰਨਾ ਚਾਹੁੰਦੀ ਹੈ?

(ੲ) ਕਿਸ ਅਵਸਥਾ ਵਿੱਚ ਮਨੁੱਖ ਲਈ ਨਾ ਕੋਈ ਵੈਰੀ ਰਹਿ ਜਾਂਦਾ ਹੈ ਤੇ ਨਾ ਕੋਈ ਬੇਗ਼ਾਨਾ?

(ਸ) 'ਚੰਡੀ ਦੀ ਵਾਰ' ਦਾ ਅੰਤ੍ਰੀਵ ਭਾਵ ਲਿਖੋ।

***Contd……P/2***

(ਹ) ਹੀਰ ਕਾਜ਼ੀ ਨੂੰ ਆਪਣੇ ਇਸ਼ਕ ਦੇ ਆਰੰਭ ਬਾਰੇ ਕੀ ਦੱਸਦੀ ਹੈ?

(ਕ) 'ਇਕ ਦਿਨ ਤੈਨੂੰ ਸੁਪਨਾ ਥੀਸਨਿ' ਕਾਫ਼ੀ ਵਿੱਚ ਸ਼ਾਹ ਹੁਸੈਨ ਕੀ ਕਹਿਣਾ ਚਾਹੁੰਦਾ ਹੈ?

(ਖ) ਬੁਲ੍ਹੇ ਸ਼ਾਹ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?

(ਗ) ਗਰਜ਼ੀ ਯਾਰਾਂ ਤੇ ਸੱਚੇ ਯਾਰਾਂ ਵਿੱਚ ਕੀ ਫ਼ਰਕ ਹੁੰਦਾ ਹੈ? (5×2)

3. ਹੇਠ ਲਿਖਿਆਂ ਵਿਚੋਂ ਕੋਈ ਇਕ ਪੈਰ੍ਹਾ ਰਚਨਾ (ਲਗਭਗ 250 ਸ਼ਬਦਾਂ ਵਿਚ) ਲਿਖੋ:-

(ੳ) ਨਾਨਕ ਦੁਖੀਆ ਸਭ ਸੰਸਾਰ

(ਅ) ਅਨੁਸ਼ਾਸਨ ਦਾ ਮਹੱਤਵ

(ੲ) ਇੰਟਰਨੈੱਟ

(ਸ) ਮਿੱਤਰਤਾ (8)

4. ਲਿਪੀ ਕੀ ਹੁੰਦੀ ਹੈ? ਇਸਦੇ ਪ੍ਰਾਚੀਨ ਰੂਪਾਂ ਬਾਰੇ ਜਾਣਕਾਰੀ ਦਿਓ।

**ਜਾਂ**

ਗੁਰਮੁਖੀ ਲਿਪੀ ਦਾ ਮਹੱਤਵ ਲਿਖੋ। (7)

5. (ੳ) ਨਾਂਵ-ਵਾਕੰਸ ਕੀ ਹੁੰਦਾ ਹੈ? ਰੂਪ ਦੇ ਆਧਾਰ ਤੇ ਸਥਾਪਤੀ ਬਾਰੇ ਚਰਚਾ ਕਰੋ।

**ਜਾਂ**

ਕਿਰਿਆ ਵਾਕੰਸ਼ ਕੀ ਹੁੰਦਾ ਹੈ? ਕਿਰਿਆ-ਵਾਕੰਸ਼ ਦੇ ਮੁੱਖ ਕਿਰਿਆਂ ਤੱਤ ਬਾਰੇ ਦੱਸੋ। (6)

(ਅ) ਹੇਠ ਲਿਖੇ ਵਾਕਾਂ ਬਾਰੇ ਬ੍ਰੈਕਟਾਂ ਵਿਚ ਪੁੱਛੇ ਗਏ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਦਿਓ:-

(1) ਬੱਚਾ ਗੀਤ ਗਾਉਂਦਾ ਹੈ। (ਮੁੱਖ ਕਿਰਿਆ ਦੱਸੋ)

(2) ਮੈਂ ਦੋ ਕਾਪੀਆ ਅਤੇ ਇੱਕ ਪੈਂਨ ਖਰੀਦੀਆਂ। (ਵਾਕ ਨੂੰ ਸ਼ੁੱਧ ਕਰਕੇ ਲਿਖੋ)

(3) ਮੈਂ ਰੋਟੀ ਖਾਧੀ ਹੀ ਨਹੀਂ। (ਕਿਰਆ-ਵਾਕੰਸ਼ ਨਿਖੇੜ ਕੇ ਲਿਖੋ)

(4) ਚਾਰ ਉਸਦੀਆਂ ਧੀਆਂ ਸਨ ਅਤੇ ਦੋ ਛੋਟੇ ਪੁੱਤਰ ਸਨ। (ਵਾਕ ਵਿਚੋਂ ਯੋਜਕ ਪਹਿਚਾਣੋ)

(2+2)

-*-*-*-